**ਪੰਜਾਬ ਸਰਕਾਰ**

**ਪ੍ਰਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤਾਂ ਵਿਭਾਗ**

**ਨੋਟੀਫਿਕੇਸ਼ਨ**

**ਨੰ:E 122499/GRMC/172** **ਮਿਤੀ, ਚੰਡੀਗੜ੍ਹ : 31-08-2022**

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 309 ਦੇ ਪ੍ਰਾਵਧਾਨ ਅਧੀਨ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਅਤੇ ਹੋਰ ਸਾਰੀਆਂ ਸ਼ਕਤੀਆਂ ਜੋ ਉਹਨਾਂ ਨੂੰ ਸਮਰੱਥ ਬਣਾਉਂਦੀਆਂ ਹਨ, ਦੀ ਵਰਤੋ ਕਰਦੇ ਹੋਏ ਸਰਕਾਰ ਦੇ ਕੰਮਕਾਜ ਵਿੱਚ ਡਿਜੀਟਾਈਜ਼ੇਸ਼ਨ ਨੂੰ ਉਤਸਾਹਿਤ ਕਰਨ ਲਈ ਡਿਜੀਟਲੀ ਦਸਤਖ਼ਤ ਕੀਤੇ ਦਸਤਾਵੇਜ਼ਾਂ ਨੂੰ ਸਵੀਕਾਰ/ਜਾਰੀ ਕਰਨ ਲਈ ਨੋਟਿਫਾਈ ਕਰਦੇ ਹਨ ਕਿ:

1. ਸਰਕਾਰੀ ਸੇਵਾਵਾਂ ਨੂੰ ਮੰਨਜ਼ੂਰੀ ਦੇਣ ਵਾਲੇ ਅਧਿਕਾਰੀ ਡਿਜੀਟਲੀ ਪ੍ਰੋਸੈਸ ਕੀਤੀਆਂ ਅਰਜ਼ੀਆਂ ਨੂੰ ਮਨਜ਼ੂਰੀ ਦੇਣ ਲਈ ਡਿਜੀਟਲ ਦਸਤਖ਼ਤਾਂ ਦੀ ਵਰਤੋਂ ਕਰਨਗੇ।
2. ਆਈ.ਟੀ.ਐਕਟ 2000 ਦੇ ਉਪਬੰਧਾਂ ਦੇ ਅਨੁਸਾਰ ਦਸਤਾਵੇਜ਼, ਜਿਨ੍ਹਾਂ ਤੇ ਡਿਜੀਟਲ ਦਸਤਖ਼ਤ ਹੋਣ, ਨੂੰ ਹੱਥ ਲਿਖਤ/ ਹਸਤਾਖਰਿਤ/ਸਟੈਂਪਡ/ਹੋਲੋਗ੍ਰਾਮ ਨਾਲ ਜੁੜੇ ਦਸਤਾਵੇਜ਼ਾਂ ਦੇ ਬਰਾਬਰ ਮਾਨਤਾ ਦਿਤੀ ਜਾਵੇਗੀ।
3. ਸਾਰੇ ਦਸਤਾਵੇਜ਼ਾਂ, ਜਿਨ੍ਹਾਂ ਤੇ ਡਿਜੀਟਲ ਦਸਤਖ਼ਤ ਹੋਣ, ਤੇ ਵਿਲੱਖਣ ID/ਸੀਰੀਅਲ ਨੰਬਰ/QR ਕੋਡ ਪ੍ਰਿੰਟ ਹੋਣੇ ਚਾਹੀਦੇ ਹਨ, ਜੋ ਕਿ ਆਨਲਾਈਨ ਤਸਦੀਕ ਕੀਤੇ ਜਾ ਸਕਦੇ ਹੋਣ। (ਆਨਲਾਈਨ ਤਸਦੀਕ ਪ੍ਰਕਿਰਿਆ ਦੀ ਪ੍ਰਮਾਣਿਕਤਾ ਨੂੰ ਯਕੀਨੀ ਬਣਾਉਣ ਲਈ, ਤਸਦੀਕ ਕਰਨ ਵਾਲੀ ਵੈਬਸਾਈਟਾਂ 'gov.in', 'nic.in', 'edu.in', 'res.in', 'ac.in', 'mil.in' ਦੀ ਵਰਤੋਂ ਕਰਦੀਆਂ ਹੋਣੀਆ ਚਾਹੀਦੀਆਂ ਹਨ ਜਾਂ ਹੋਰ ਡੋਮੇਨ ਜੋ ਵਿਸ਼ੇਸ਼ ਤੌਰ 'ਤੇ ਸਰਕਾਰ ਨੂੰ ਅਲਾਟ ਹੋਏ ਹੋਣ ਅਤੇ ਸਰਕਾਰ ਤੱਕ ਸੀਮਤ ਹੋਣ।)
4. ਜਿੱਥੇ ਕਿ ਡਿਜੀਟਲ ਦਸਤਖ਼ਤ ਕੀਤੇ ਹੋਏ ਦਸਤਾਵੇਜ਼ ਪ੍ਰਦਾਨ/ਪੇਸ਼ ਕੀਤੇ ਗਏ ਹੋਣ, ਅਧਿਕਾਰੀ ਭੌਤਿਕ ਹਸਤਾਖਰਾਂ ਵਾਲੇ ਦਸਤਾਵੇਜ ਜਾਂ ਹੋਲੋਗ੍ਰਾਮ, ਜਾਂ ਸਟੈਂਪ ਦੀ ਮੰਗ ਨਹੀ ਕਰਨਗੇ ।

ਇਹ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

**ਮਿਤੀ, ਚੰਡੀਗੜ੍ਹ:**
**31-08-2022**

**ਤੇਜਵੀਰ ਸਿੰਘ, ਆਈ.ਏ.ਐਸ.**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**

**ਨੰ: E 122499/GRMC/173** **ਮਿਤੀ, ਚੰਡੀਗੜ੍ਹ : 31-08-2022**

ਉਪਰੋਕਤ ਦਾ ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ, ਪ੍ਰਬੰਧਕੀ ਸਕੱਤਰ ਨੂੰ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਗੁਰਪ੍ਰੀਤ ਸਿੰਘ
**ਅਧੀਨ ਸਕੱਤਰ**

**ਨੰ: E 122499/GRMC/174** **ਮਿਤੀ, ਚੰਡੀਗੜ੍ਹ : 31-08-2022**

ਉਪਰੋਕਤ ਦਾ ਇਕ ਉਤਾਰਾ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਸਮੂਹ ਵਿਭਾਗਾਂ ਦੇ ਮੁਖੀ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਮੁਖੀ ਅਤੇ ਪੰਜਾਬ ਰਾਜ ਦੇ ਸਮੂਹ ਉਪ ਮੰਡਲ ਮੈਜਿਸਟਰੇਟ ਨੂੰ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਗੁਰਪ੍ਰੀਤ ਸਿੰਘ
**ਅਧੀਨ ਸਕੱਤਰ**

**ਨੰ: E 122499/GRMC/175** **ਮਿਤੀ, ਚੰਡੀਗੜ੍ਹ : 31-08-2022**

ਉਪਰੋਕਤ ਦਾ ਇਕ ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਪੰਜਾਬ ਨੂੰ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਗਜ਼ਟ (ਆਮ) ਵਿੱਚ ਪ੍ਰਕਾਸ਼ਿਤ ਕਰਨ ਅਤੇ ਇਸ ਨੋਟੀਫਿਕੇਸ਼ਨ ਦੀਆਂ 5 ਕਾਪੀਆਂ ਵਿਭਾਗ ਨੂੰ ਭੇਜਣ ਦੀ ਬੇਨਤੀ ਸਮੇਤ ਭੇਜਿਆ ਜਾਂਦਾ ਹੈ।

ਗੁਰਪ੍ਰੀਤ ਸਿੰਘ
**ਅਧੀਨ ਸਕੱਤਰ**

Scanned with CamScanner

**Government of Punjab**
**Department of Governance Reforms and Public Grievances**

**NOTIFICATION**

**No. E 122499/GRMC/172** **Dated Chandigarh: 31-08-2022**

In exercise of the Powers conferred by the proviso to Article 309 of the Constitution of India and all other powers enabling him in this behalf, and to accept/issuance of digitally signed documents to promote digitization in the working of the Government, the Governor of Punjab is pleased to notify that:

1. Approving authorities of the Government services shall use digital signatures to approve the digitally processed applications.
2. As per the provisions of the IT Act 2000, digitally signed documents shall be treated as equivalent to handwritten/signed/stamped/hologram affixed documents.
3. All such digitally signed documents shall have Unique Document ID/Serial Number/QR Code printed on them, which shall be verifiable online. *(To ensure the authenticity of the online verification process, verification website must use 'gov.in', 'nic.in', 'edu.in', 'res.in', 'ac.in', 'mil.in' or other domains which are exclusively allotted and restricted to Government.)*
4. Authorities shall not insist on production of documents bearing physical signatures, or holograms, or stamps where digitally signed documents have been provided/submitted.

This issues with the approval of the competent authority.

**Chandigarh, the**
**31-08-2022**

**Tejveer Singh, IAS**
**Principal Secretary to**
**Government of Punjab**

**No. E 122499/GRMC/173** **Chandigarh, the: 31-08-2022**

A copy is forwarded to all the Additional Chief Secretaries, Financial Commissioners, Principal Secretaries, Administrative Secretaries in the State of Punjab for necessary action.

Gurpreet Singh
**Under Secretary**

**No. E 122499/GRMC/174** **Chandigarh, the: 31-08-2022**

A copy is forwarded to the Registrar Punjab & Haryana High Court, Heads of all the Departments, Commissioners of the Divisions, Deputy Commissioners, Heads of all Boards & Corporations and Sub Divisional Magistrates in the State of Punjab for necessary action.

Gurpreet Singh
**Under Secretary**

**No. E 122499/GRMC/175** **Chandigarh, the: 31-08-2022**

A copy is forwarded to Controller, Printing & Stationery, Punjab with the request to publish this notification in the Punjab Government Gazette (ordinary) and 5 copies of this notifications may please be sent to this department.

Gurpreet Singh
**Under Secretary**

Scanned with CamScanner